**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ. 104-106, ਦੂਜੀ ਮੰਜ਼ਿਲ, ਸੈਕਟਰ 34-ਏ,ਚੰਡੀਗੜ**
ਫੋਨ ਨੰ. 0172-2623207, 2621106, ਫੈਕਸ: 2624687

ਵੱਲ,

1.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
2.0 ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਪੰਜਾਬ ।

**ਮੀਮੋ ਨੰ**: ਏ.ਐਸ.ਪੀ.ਡੀ.ਅੰਗ੍ਰੇਜ਼ੀ/ਐਸ.ਐਸ.ਏ./2010/**4881-82**
**ਮਿਤੀ**: **21.01.2011**

ਵਿਸ਼ਾ : ਅੱਪਰ ਪ੍ਰਾਈਮਰੀ ਜਮਾਤਾਂ ਦੀ ਸਵੇਰ ਦੀ ਸਭਾ ਵਿੱਚ ਕਰਵਾਈਆਂ ਜਾਣ ਵਾਲੀਆਂ ਕ੍ਰਿਆਵਾਂ ਸਬੰਧੀ ।
1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।
2.0 ਅਸੀ ਸਾਰੇ ਜਾਣਦੇ ਹਾਂ ਕੇ ਸਵੇਰ ਦੀ ਸਭਾ ਦਾ ਵਿਦਿਆਰਥੀਆਂ ਦੀ ਕਾਰਗੁਜਾਰੀ ਅਤੇ ਸਕੂਲ ਦੇ ਅਨੁਸ਼ਾਸ਼ਨ ਵਿੱਚ ਬਹੁਤ ਮਹੱਤਵ ਹੈ । ਸਵੇਰ ਦੀ ਸਭਾ ਨੂੰ ਵਧੇਰੇ ਲਾਭਦਾਇਕ ਅਤੇ ਸੁਚੱਜਾ ਬਨਾਉਣ ਲਈ ਅਧਿਆਪਕਾਂ ਵੱਲੋਂ ਵੱਖ ਵੱਖ ਗਤੀਵਿਧੀਆਂ/ ਕ੍ਰਿਆਵਾਂ ਇਸ ਸਮੇਂ ਦੌਰਾਨ ਕਰਵਾਈਆ ਜਾਣੀਆਂ ਬਣਦੀਆਂ ਹਨ ।ਇਸ ਲਈ ਸਾਰੇ ਅਧਿਆਪਕ ਸਵੇਰ ਦੀ ਸਭਾ ਦੌਰਾਨ ਨਿਮਨ ਅਨੁਸਾਰ ਗਤੀਵਿਧੀਆਂ ਨੂੰ ਕਰਵਾਉਣਾ ਯਕੀਨੀ ਬਣਾਉਣਗੇ ।
ੳ) ਸਕੂਲ ਲੱਗਾਉਣ ਸਮੇ ਦੋ ਘੰਟੀਆਂ ਵੱਖ ਵੱਖ ਟੋਨ ਵਿੱਚ ਵਜਾਈਆਂ ਜਾਣ । ਪਹਿਲੀ ਘੰਟੀ ਸਕੂਲ ਲਗਣ ਤੋਂ 10 ਮਿੰਟ ਪਹਿਲਾਂ ਅਤੇ ਦੂਜੀ ਘੰਟੀ ਸਕੂਲ ਲਗਣ ਦੇ ਸਮੇਂ ਤੇ ਵਜਾਈ ਜਾਵੇ (ਸਰਦੀਆਂ ਦੇ ਸਮੇਂ ਅਨੁਸਾਰ ਪਹਿਲੀ ਘੰਟੀ 08:50 ਤੇ ਅਤੇ ਦੂਜੀ ਸਹੀ 09:00 ਵਜੇ ਅਤੇ ਗਰਮੀਆਂ ਦੇ ਸਮੇਂ ਅਨੁਸਾਰ ਪਹਿਲੀ ਘੰਟੀ 07:50 ਵਜੇ ਅਤੇ ਦੂਜੀ ਘੰਟੀ 08:00 ਵਜੇ) ।
ਅ) ਸਵੇਰੇ ਦੀ ਸਭਾ 20 ਮਿੰਟ ਦੀ ਹੋਵੇਗੀ । ਸਭ ਤੋਂ ਪਹਿਲਾ ਸਵੇਰ ਦੀ ਸਭਾ ਵਿੱਚ ਪ੍ਰਾਰਥਨਾ ਕਰਵਾਈ ਜਾਵੇ । ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀ ਅਤੇ ਸਕੂਲ ਦਾ ਸਾਰਾ ਸਟਾਫ ਪ੍ਰਾਰਥਨਾ ਨੂੰ ਮਿੱਠੇ ਸਵਰ ਨਾਲ ਅਤੇ ਇੱਕ ਲੈਯ ਦੇ ਵਿੱਚ ਮਿਲ ਕੇ ਗਾਉਣ । ਵਿਦਿਆਰਥੀਆਂ ਨੂੰ ਪ੍ਰਾਰਥਨਾ ਦਾ ਅਰਥ ਵੀ ਪਤਾ ਹੋਵੇ । ਰਾਸ਼ਟਰੀ ਗਾਣ ਸ਼ੁੱਧ ਉਚਾਰਣ ਵਿੱਚ ਹੋਵੇ ਅਤੇ ਸਭ ਨੂੰ ਯਾਦ ਹੋਣਾ ਚਾਹੀਦਾ ਹੈ ।
ੲ) ਰੋਜਾਨਾ ਵਿਚਾਰ (ਅੱਜ ਦਾ ਵਿਚਾਰ) ਲਈ ਹਰ ਰੋਜ ਨਵਾਂ ਵਿਦਿਆਰਥੀ ਵਿਚਾਰ ਪੜੇਗਾ ਜਾਂ ਬੋਲੇਗਾ । ਜਿਸ ਦੇ ਲਈ ਅਧਿਆਪਕ ਇੱਕ ਦਿਨ ਪਹਿਲਾਂ ਹੀ ਉਸ ਦੀ ਤਿਆਰੀ ਕਰਵਾ ਦੇਣ । ਐਜੁਸੈਟ ਵਾਲੇ ਸਕੂਲਾਂ ਵਿੱਚ ਐਜੁਸੈਟ ਦੇ ਅੱਜ ਦੇ ਪ੍ਰੋਗਰਾਮ ਵੀ ਸਬੰਧਤ ਜਮਾਤਾਂ ਲਈ ਪੜਕੇ ਸੁਣਾਏ ਜਾਣ ।
ਸ) ਸਬੰਧਤ ਅਧਿਆਪਕ ਦੁਆਰਾ ਵਿਦਿਆਰਥੀਆ ਨੂੰ ਹਰ ਰੋਜ ਸੰਬੋਧਿਤ ਕਿਤਾ ਜਾਵੇ। ਸੋਮਵਾਰ ਅੰਗ੍ਰੇਜ਼ੀ ਵਿਸ਼ੇ ਲਈ (ਅੰਗ੍ਰੇਜ਼ੀ ਵਿੱਚ), ਮੰਗਲਵਾਰ ਕੈਰੀਅਰ ਕੌਂਸਲਿੰਗ ਸਬੰਧੀ, ਬੁੱਧਵਾਰ ਗਣਿਤ, ਵੀਰਵਾਰ ਨੂੰ ਯੋਗਾ / ਪੀ.ਟੀ, ਸ਼ੁੱਕਰਵਾਰ ਨੂੰ ਸਮਾਜਿਕ ਸਿੱਖਿਆ ਅਤੇ ਸ਼ਨੀਵਾਰ ਨੂੰ ਹੈਲਥ ਅਵੇਅਰਨੈਸ / ਸਾਇੰਸ ਵਿਸ਼ੇ ਸਬੰਧੀ ਲੈਕਚਰ ਦਿੱਤਾ ਜਾਵੇ ।
ਹ) ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਕ੍ਰਿਆਵਾ:

**ਅੰਗ੍ਰੇਜ਼ੀ (ਸੋਮਵਾਰ)**

1. ਪਿਕਸ਼ਨਰੀ ਦੇ ਕੋਈ ਪੰਜ ਸ਼ਬਦਾਂ ਦਾ ਉਚਾਰਣ ਅਰਥ ਅਤੇ ਵਰਤੋਂ ਸਮੇਤ ਵਿਦਿਆਰਥੀਆਂ ਨੂੰ ਸਮਝਾਏ ਅਤੇ ਬੁਲਵਾਏ ਜਾਣ ।

2. ਜਮਾਤ 6ਵੀਂ, 7ਵੀਂ ਅਤੇ 8ਵੀਂ ਦੇ ਕੋਈ ਦੋ ਬੱਚੇ ਇੰਟ੍ਰੋਡਕਸ਼ਨ ਦੇਣਗੇ (ਸੈਲਫ ਇੰਟ੍ਰੋਡਕਸ਼ਨ, ਮਾਪਿਆ / ਸਹਿਪਾਠੀ ਜਾਂ ਮਿੱਤਰ /ਸਕੂਲ ਦੀ ਇੰਟ੍ਰੋਡਕਸ਼ਨ ਆਦਿ ।

3. ਸਿਲੇਬਸ ਅਨੁਸਾਰ ਗਰਾਮਰ ਜਾਂ ਕਿਸੇ ਪਾਠ ਬਾਰੇ ਜਾਣਕਾਰੀ ।

4. ਅਧਿਆਪਕ ਵਿਦਿਆਰਥੀਆਂ ਨਾਲ ਅੰਗ੍ਰੇਜ਼ੀ ਵਿੱਚ ਕੁੱਝ ਗਿਆਨ ਵਰਧਕ ਗੱਲਾਂ/ ਵਿਚਾਰ ਸਾਂਝੇ ਕਰੇ।

**ਕੈਰੀਅਰ ਕੌਂਸਲਿੰਗ (ਮੰਗਲਵਾਰ)**

ਵਿਦਿਆਰਥੀਆਂ ਨੂੰ ਉਹਨਾਂ ਦੀ ਕਲਾਸ ਅਨੁਸਾਰ, ਰੁਚੀਆਂ ਅਨੁਸਾਰ ਅਤੇ ਉਹਨਾਂ ਦੇ ਪੜਾਈ ਦੇ ਪੱਧਰ ਅਨੁਸਾਰ ਵੱਖ ਵੱਖ ਕੈਰੀਅਰ ਚੌਣ ਕਰਨ ਸਬੰਧੀ ਜਾਣਕਾਰੀ । ਕੈਰੀਅਰ ਦੀ ਚੋਣ ਸਬੰਧੀ ਵੈਬਸਾਈਟ ਬਾਰੇ ਜਾਣਕਾਰੀ ।

**ਹਿਸਾਬ (ਬੁੱਧਵਾਰ)**

ਵਿਦਿਆਰਥੀਆਂ ਤੋਂ ਨਿਮਨ ਕ੍ਰਿਆਵਾਂ ਕਰਵਾਈਆਂ ਜਾਣਗੀਆਂ:

1. ਟੋਕਵੇਂ ਪਹਾੜੇ ।
2. Dogging of Squares of 1-20 Natural numbers.
3. Conversion of Units.
4. ਗਣਿਤ ਨੂੰ ਦੈਨਿਕ ਜੀਵਨ ਨਾਲ ਜੋੜਨ ਦੀਆਂ ਕ੍ਰਿਆਵਾਂ ।
5. ਹਿਸਾਬ ਅਤੇ ਸਾਇੰਸ ਦੇ ਆਬਜੈਕਟਿਵ ਟਾਇਪ ਪ੍ਰਸ਼ਨ ਅਤੇ ਫਾਰਮੂਲੇ ।
6. ਸਿਲੇਬਸ ਅਨੁਸਾਰ ਕਿਸੇ ਪਾਠ ਬਾਰੇ ਜਾਣਕਾਰੀ ।

**ਯੋਗਾ / ਪੀ.ਟੀ (ਵੀਰਵਾਰ)**

ਵਿਦਿਆਰਥੀਆਂ ਨੂੰ ਪੀ.ਟੀ.ਦੀਆਂ ਕ੍ਰਿਆਵਾਂ ਕਰਵਾਈਆਂ ਜਾਣ ਜਿਸ ਵਿੱਚ ਯੋਗਾ ਦੀਆਂ ਕ੍ਰਿਆਵਾਂ ਵੀ ਸ਼ਾਮਿਲ ਕੀਤੀਆ ਜਾ ਸਕਦੀਆਂ ਹਨ ।

**ਸਮਾਜਿਕ ਸਿੱਖਿਆ (ਸ਼ੁਕਰਵਾਰ)**

1. ਮਹੱਤਵਪੂਰਨ ਮਿਤੀਆਂ/ ਘਟਨਾਵਾਂ/ਸ਼ਖਸ਼ੀਅਤਾਂ/ਇਤਿਹਾਸਕ ਇਮਾਰਤਾਂ ਆਦਿ ਬਾਰੇ ਜਾਣਕਾਰੀ ।
2. ਭੂਗੋਲ ਵਿਸ਼ੇ ਦੇ ਮੱਹਤਵਪੂਰਨ ਟੋਪਿਕ (ਜਵਾਲਾਮੁੱਖੀ, ਮਿੱਟੀ ਦੀਆਂ ਕਿਸਮਾਂ, ਵਰਖਾ ਦੀਆਂ ਕਿਸਮਾਂ ਆਦਿ)
3. ਨਾਗਰਿਕ ਸ਼ਾਸ਼ਤਰ ਦੇ ਮਹੱਤਵਪੂਰਨ ਟੋਪਿਕ (ਸਰਕਾਰ ਦੀਆਂ ਕਿਸਮਾਂ/ ਮੁੱਢਲੇ ਅਧਿਕਾਰ ਅਤੇ ਕਰਤੱਵ ਆਦਿ) ।
4. ਸਿਲੇਬਸ ਅਨੁਸਾਰ ਕੋਈ ਵੀ ਟਾਪਿਕ ।

**ਸਾਇੰਸ/ ਹੈਲਥ ਅਵੈਅਰਨੇਸ(ਸ਼ਨੀਵਾਰ)**

1. ਵਿਦਿਆਰਥੀਆਂ ਨੂੰ ਸਾਇੰਸ ਦੀਆਂ ਕਾਢਾਂ ਬਾਰੇ ਜਾਣਕਾਰੀ ਦੇਣਾ ।
2. ਵਿਦਿਆਰਥੀਆਂ ਨੂੰ ਸਾਇੰਸ ਨਾਲ ਸਬੰਧਤ ਵਰਤਮਾਨ ਸਮੱਸਿਆਵਾਂ ਅਤੇ ਹੱਲ ਬਾਰੇ ਜਾਣਕਾਰੀ ਦੇਣਾ ।
3. ਸਿਲੇਬਸ ਅਨੁਸਾਰ ਕੋਈ ਵੀ ਟਾਪਿਕ ।
4. ਹੈਲਥ ਅਵੈਅਰਨੇਸ ਲਈ ਵਿਦਿਆਰਥੀਆਂ ਨੂੰ ਸਰੀਰਿਕ ਅਤੇ ਆਲੇ ਦੁਆਲੇ ਦੀ ਸਫਾਈ ਦਾ ਮਹੱਤਵ, ਸੰਤੁਲਿਤ ਭੋਜਨ, ਕਸਰਤ ਦੇ ਬਾਰੇ ਜਾਣੂ ਕਰਵਾਇਆ ਜਾਵੇ। ਤਕਲੀਫ ਹੋਣ ਤੇ ਸਿਹਤ ਵਿਭਾਗ ਨਾਲ ਸਲਾਹ ਕਰਨ ਦਾ ਮਸ਼ਵਰਾ ਦਿੱਤਾ ਜਾ ਸਕਦਾ ਹੈ ।

ਕ) ਸਾਰੇ ਅਧਿਆਪਕਾਂ ਦਾ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨਾਲ ਹਾਜਰ ਹੋਣਾ ਜਰੂਰੀ ਹੈ ।

ਖ) ਸਵੇਰ ਦੀ ਸਭਾ ਵਿੱਚ ਬੱਚਿਆਂ ਤੋਂ ਕਰਵਾਈਆਂ ਜਾਣ ਵਾਲ਼ੀਆਂ ਵੱਖ ਵੱਖ ਗਤੀਵਿਧੀਆਂ ਲਈ ਅਧਿਆਪਕ ਦੁਆਰਾ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਹਰ ਰੋਜ਼ ਬੱਚੇ ਬਦਲਵੇਂ ਤੌਰ ਤੇ ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈ ਰਹੇ ਹਨ । ਚੰਗਾ ਹੋਵੇਗਾ ਜੇਕਰ ਅਧਿਆਪਕ ਇਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਸਵੇਰ ਦੀ ਸਭਾ ਵਿੱਚ ਬੋਲਣ ਲਈ ਤਿਆਰ ਕਰਵਾ ਲੈਣ, ਤਾਂ ਜੋ ਬੱਚਿਆਂ ਅੰਦਰ ਆਤਮ ਵਿਸ਼ਵਾਸ ਪੈਦਾ ਹੋ ਸਕੇ ।

ਗ) ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਕੀਤੀਆਂ ਗਈਆਂ ਉਪਰੋਕਤ ਸਾਰੀਆਂ ਕ੍ਰਿਆਵਾਂ/ ਗਤੀਵਿਧੀਆਂ ਦਾ ਰਿਕਾਰਡ ਸਬੰਧਤ ਸਕੂਲ ਮੁੱਖੀ ਦੁਆਰਾ ਰੱਖਿਆ ਜਾਵੇਗਾ ।

ਘ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਅੰਗ੍ਰੇਜ਼ੀ ਅਤੇ ਮੈਥ ਪ੍ਰੋਜੈਕਟ ਜਿਲ੍ਹਾ ਕੋਆਰਡੀਨੇਟਰ, ਅੰਗ੍ਰੇਜ਼ੀ ਅਤੇ ਮੈਥ ਮਾਸਟਰ ਟ੍ਰੇਨਰਜ ਸਵੇਰ ਦੀ ਸਭਾ ਲਈ ਖਾਸ ਤੌਰ ਤੇ ਮੋਨੀਟਰਿੰਗ ਕਰਨਗੇ ਅਤੇ ਹਰੇਕ ਸਕੂਲ ਅੰਦਰ ਇਨ੍ਹਾਂ ਗਤੀਵਿਧੀਆਂ ਦਾ ਹੋਣਾ ਯਕੀਨੀ ਬਣਾਉਣਗੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**